## ਗੁਰੂ ਨਾਨਕ - ਸਬਦ ੭

ਥਾਪਿਆ ਨ ਜਾਇ ਕੀਤਾ ਨ ਹੋਇ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਸਾਰ: ਮਾਦੇ ਨੂੰ ਬਣਾਇਆ ਜਾਂ ਨਸ਼ਟ ਨਹੀਂ ਕੀਤਾ ਜਾ ਸਕਦਾ; ਇਹ ਕੇਵਲ ਪੁਲਾੜ ਅਤੇ ਸਮੇਂ ਦੁਆਰਾ ਰੂਪ ਬਦਲਦਾ ਹੈ। ਸਰਬ-ਵਿਆਪਕ ਅਨੰਤ ਚੇਤਨਾ ਵੱਖੋ-ਵੱਖਰੇ ਰੂਪ ਧਾਰਨ ਕਰਦੀ ਹੈ ਪਰ ਮੁਢਲੇ ਤੌਰ ਤੇ ਇਸ ਦਾ ਮੂਲ ਇਕੋ ਜਿਹਾ ਹੀ ਹੁੰਦਾ ਹੈ।

ਥਾਪਿਆ ਨ ਜਾਇ ਕੀਤਾ ਨ ਹੋਇ ॥
ਸਰਬ-ਵਿਆਪਕ ਅਨੰਤ ਚੇਤਨਾ ਨੂੰ ਸਿਰਜਿਆ ਜਾਂ ਨਸ਼ਟ ਨਹੀਂ ਕੀਤਾ ਜਾ ਸਕਦਾ।

ਆਪੇ ਆਪਿ ਨਿਰੰਜਨੁ ਸੋਇ ॥
ਸਰਬ-ਵਿਆਪਕ ਅਨੰਤ ਚੇਤਨਾ ਆਪਣੇ ਆਪ ਵਿੱਚ ਸਭ ਤੋਂ ਨਿਰਮਲ ਰੂਪ ਹੈ।

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥

ਇਸ ਅਸਲ ਦਾ ਅਦਬ ਕਰਨ ਵਾਲਿਆਂ ਨੂੰ ਸੰਤੋਖ ਮਿਲਦਾ ਹੈ।

ਨਾਨਕ ਗਾਵੀਐ ਗੁਣੀ ਨਿਧਾਨੁ ॥
ਨਾਨਕ ਇਸ ਵਿਚਾਰ ਨੂੰ ਗੁਣਵਾਨ ਖ਼ਜ਼ਾਨੇ ਵਜੋਂ ਤਸਬੀਹ ਦਿੰਦੇ ਹਨ।

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਇਜ਼ਹਾਰ ਕਰਦੇ ਅਤੇ ਸੁਣਦੇ ਹੋਏ, ਤੱਤ ਨੂੰ ਗ੍ਰਹਿਣ ਕਰੋ।

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
ਅਗਿਆਨਤਾ ਦੀ ਪੀੜਾ ਮਿਟ ਜਾਂਦੀ ਹੈ, ਅਤੇ ਅੰਦਰ ਸਦਭਾਵਨਾ ਟਿਕ ਜਾਂਦੀ ਹੈ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਜਿਹੜੇ ਬਿਬੇਕ ਦੀ ਖੋਜ ਕਰਨ, ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਅਤੇ ਏਕਤਾ ਦੇ ਪ੍ਰਕਾਸ਼ ਨੂੰ ਪ੍ਰਾਪਤ ਕਰਨ ਲਈ ਤਿਆਰ ਹਨ। ਉਹ ਆਪਣੇ ਆਪ ਨੂੰ ਊਰਜਾਮਈ ਆਭਾ ਮੰਡਲ ਅਤੇ ਗਿਆਨਮਈ ਗ੍ਰੰਥਾਂ ਤੋਂ ਜਾਣੂ ਕਰਵਾਉਂਦੇ ਹਨ। ਅਜਿਹੇ ਰੂਹਾਨੀ ਜੀਵ ਜਾਗਰੂਕਤਾ ਦੀ ਪ੍ਰਾਪਤੀ ਵਿੱਚ ਰੁਝੇ ਰਹਿੰਦੇ ਹਨ।

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਦੈਵੀ ਆਪਾ ਹੀ 'ਈਸ਼ਵਰ' ਹੈ ਇਸੇ ਵਿੱਚ ਬਿਬੇਕ ਹੈ। ਬਿਬੇਕ ਰੂਹਾਨੀ ਗੁਰੂ ਹੀ 'ਗੋਰਖ' ਹੈ। ਬਿਬੇਕ ਲਿੰਗ ਰਹਿਤ ਸਿਰਜਣਹਾਰ ਹੀ 'ਬ੍ਰਹਮਾ' ਹੈ। ਨਾਰੀ ਪਾਲਣ ਦੇ ਗੁਣਾਂ ਦਾ ਬਿਬੇਕ ਹੀ 'ਪਾਰਬਤੀ ਮਾਈ' ਹੈ।

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਸਮਝਣ ਦੇ ਬਾਵਜੂਦ ਵੀ, ਸਰਬ-ਵਿਆਪਕ ਚੇਤਨਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਗੁਰਾ ਇਕ ਦੇਹਿ ਬੁਝਾਈ ॥

ਉਹ ਬਿਬੇਕ ਜੋ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦਾ ਹੈ, ਉਹ ਏਕੇ ਦੀ ਜਾਗਰੂਕਤਾ ਨੂੰ ਪ੍ਰਕਾਸ਼ਿਤ ਕਰਦਾ ਹੈ।

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥
ਸਭ ਜੀਵਾਂ ਦਾ ਕੇਵਲ ਇੱਕ ਹੀ ਸਿਰਜਣਹਾਰ ਹੈ ਅਤੇ ਮੈਨੂੰ ਇਸ ਸੱਚਾਈ ਨੂੰ ਨਹੀਂ ਭੁੱਲਣਾ ਚਾਹੀਦਾ। (੫)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਇੱਕ ਸੰਪੂਰਨ ਜੀਵਨ ਦੀ ਕੁੰਜੀ ਚੇਤੰਨ ਰਹਿਣ ਵਿੱਚ ਵਿਦਮਾਨ ਹੈ ਕਿ ਹਰੇਕ ਵਿਅਕਤੀ ਕੋਲ ਬਿਬੇਕ ਗ੍ਰਹਿਣ ਕਰਨ ਦੀ ਸ਼ਕਤੀ ਹੈ ਅਤੇ ਸੁਤੰਤਰ ਸਵੈ ਦੀ ਧਾਰਨਾ ਇੱਕ ਭੁਲੇਖਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ
**Oneness In Diversity Research Foundation**
ਵੈੱਬਸਾਈਟ: **OnenessInDiversity.com**
ਈਮੇਲ: **onenessindiversityfoundation@gmail.com**